# LEAGUE OF NATIONS

ਪਹਿਲਾ ਅੰਤਰਰਾਸ਼ਟਰੀ ਸੰਗਠਨ – ਰਾਸ਼ਟਰ ਸੰਘ

# INTRODUCTION

- ਮਨੁੱਖੀ ਸਭਿਅਤਾ ਦੇ ਵਿਕਾਸ ਦੀ ਕਹਾਣੀ ਸਹਿਯੋਗ ਅਤੇ ਸੰਘਰਸ਼ , ਯੁੱਧ ਤੇ ਸ਼ਾਂਤੀ ਅਤੇ ਵਿਨਾਸ਼ ਅਤੇ ਨਿਰਮਾਣ ਤੇ ਅਧਾਰਿਤ ਹੈ। ਇਸ ਸਿਲਸਿਲੇ ਨੂੰ ਸੰਪੂਰਨ ਮਨੁੱਖ ਜਾਤੀ ਅਤੀਤ ਕਾਲ ਤੋਂ ਦੇਖਦੀ ਆ ਰਹੀ ਹੈ। ਵਿਗਿਆਨ ਦੀ ਪ੍ਰਗਤੀ ਨੇ ਜਿੱਥੇ ਇੱਕ ਪਾਸੇ ਸੰਸਾਰ ਨੂੰ ਉੱਨਤੀ ਦੇ ਰਾਹ ਤੇ ਪਹੁੰਚਾ ਦਿੱਤਾ ਹੈ , ਉੱਥੇ ਹੀ ਦੂਸਰੇ ਪਾਸੇ ਉਸਨੂੰ ਭਿਆਨਕ ਵਿਨਾਸ਼ ਦੀ ਕਗਾਰ ਤੇ ਵੀ ਖੜ੍ਹਾ ਕਰ ਦਿੱਤਾ ਹੈ। ਇਸ ਦੀ ਉਦਾਹਰਨ 20 ਵੀ ਸਦੀ ਵਿੱਚ ਹੋਏ ਦੋ ਮਹਾਯੁੱਧਾ ਵਿੱਚ ਦੇਖਣ ਨੂੰ ਮਿਲਿਆ। ਯੁੱਧ ਦੇ ਇਸ ਤਾਂਡਵ ਨੂੰ ਰੋਕਣ ਲਈ ਸੰਸਾਰ ਦੇ ਦਾਰਸ਼ਨਿਕਾ ਨੇ ਇੱਕ ਅੰਤਰਰਾਸ਼ਟਰੀ ਸੰਗਠਨ ਦੀ ਸਥਾਪਨਾ ਤੇ ਜ਼ੋਰ ਦਿੱਤਾ।

# ਰਾਸ਼ਟਰ ਸੰਘ ਦੀ ਉਤਪੱਤੀ

- ਪਹਿਲਾ ਵਿਸ਼ਵ ਯੁੱਧ , ਜਿਸਦਾ ਆਰੰਭ 28 ਜੁਲਾਈ 1914 ਨੂੰ ਹੋਇਆ , ਇਸ ਵਿਨਾਸ਼ ਲੀਲਾ ਨੂੰ ਰੋਕਣ ਲਈ 1915 ਈ.ਵੀ ਵਿੱਚ ਇੰਗਲੈਂਡ

ਵਿੱਚ ਇੱਕ ਲੀਗ ਆਫ ਨੇਸ਼ਨ ਸੋਸਾਇਟੀ ਦੀ ਸਥਾਪਨਾ ਕੀਤੀ ਗਈ । ਇਸ ਅੰਤਰ – ਰਾਸ਼ਟਰੀ ਸੰਗਠਨ ਨੂੰ ਸਵਿਟਜ਼ਰਲੈਂਡ , ਫ਼ਰਾਂਸ ਅਤੇ

ਹਾਲੈਂਡ ਆਦਿ ਦਾ ਸਮਰਥਨ ਪ੍ਰਾਪਤ ਸੀ । 1915 ਵਿੱਚ ਹੀ ਕੁੱਝ ਅਮਰੀਕਨ ਲੋਕਾਂ ਨੇ ਸ਼ਾਂਤੀ ਦੀ ਸਥਾਪਨਾ ਲਈ ਇੱਕ ਸੰਘ ਦੀ ਸਥਾਪਨਾ ਕੀਤੀ

ਇਸ ਸੰਘ ਦੀ ਬੈਠਕ ਫ਼ਿਲਾਡੇਲਫੀਆ ਵਿੱਚ ਹੋਈ ।

ਪਹਿਲਾ ਵਿਸ਼ਵ ਯੁੱਧ 1918 ਨੂੰ ਸਮਾਪਤ ਹੋਇਆ । 1919 ਵਿੱਚ ਇੱਕ ਸ਼ਾਂਤੀ ਸੰਮੇਲਨ ਪੈਰਿਸ ਵਿੱਚ ਹੋਇਆ । ਇਸ ਵਿੱਚ 19 ਦੇਸ਼ਾਂ ਦੇ ਪ੍ਰਤੀ



# ਰਾਸ਼ਟਰ ਸੰਘ ਦੇ ਉਦੇਸ਼

1. ਭਿਆਨਕ ਯੁੱਧਾਂ ਦੀ ਰੋਕਥਾਮ ਕਰਨਾ ਜੋ ਵਿਸ਼ਵ ਸ਼ਾਂਤੀ ਲਈ ਖ਼ਤਰਾ ਬਣਨ ।
2. ਰਾਸ਼ਟਰ ਸੰਘ ਦਾ ਦੂਸਰਾ ਉਦੇਸ਼ ਅੰਤਰਰਾਸ਼ਟਰੀ ਸੰਬੰਧਾਂ ਨੂੰ ਉਤਸਾਹਿਤ ਕਰਨਾ ਅਤੇ ਅੰਤਰਰਾਸ਼ਟਰੀ ਸੁਰੱਖਿਆ ਨੂੰ ਬਣਾਈ ਰੱਖਣਾ ਸੀ ।
3. ਵੱਖ-ਵੱਖ ਦੇਸ਼ਾਂ ਨੂੰ ਨਿਸ਼ਸਤਰੀਕਰਨ ਦੇ ਲਈ ਉਤਸਾਹਿਤ ਕਰਨਾ ।
4. ਰਾਸ਼ਟਰ ਸੰਘ ਰਾਸ਼ਟਰਾ ਵਿਚਕਾਰ ਸਦਭਾਵਨਾ ਪੈਦਾ ਕਰਦਾ ਹੈ ।
5. ਰਾਸ਼ਟਰਾਂ ਵਿਚਕਾਰ ਆਪਸੀ ਮੇਲਜੋਲ ਵਧਾਉਣ ਨੂੰ ਆਪਣਾ ਕਰਤੱਵ ਮੰਨਦਾ ਹੈ ।

# ਰਾਸ਼ਟਰ ਸੰਘ ਦੀ ਮੈਂਬਰਸ਼ਿਪ

ਰਾਸ਼ਟਰ ਸੰਘ ਦੀ ਮੈਂਬਰਸ਼ਿਪ ਦੋ ਤਰ੍ਹਾਂ ਦੀ ਸੀ । ਇਸ ਦੀ ਮੈਂਬਰਸ਼ਿਪ  ਹੇਠ ਲਿਖੇ ਅਨੁਸਾਰ ਹੈ  -

1. ਮੌਲਿਕ ਜਾਂ ਆਰੰਭਿਕ ਮੈਂਬਰਸ਼ਿਪ
2. ਪ੍ਰਵੇਸ਼ਿਕ ਜਾਂ ਪਾਰੰਭਿਕ ਮੈਂਬਰਸ਼ਿਪ ।

# ਰਾਸ਼ਟਰ ਸੰਘ ਦੀਆਂ ਵਿਸ਼ੇਸ਼ਤਾਵਾਂ

ਰਾਸ਼ਟਰ ਸੰਘ ਦੀਆਂ ਵਿਸ਼ੇਸ਼ਤਾਵਾਂ ਦਾ ਵਿਸਥਾਰਪੂਰਵਕ ਵਰਨਣ ਹੇਠਾਂ ਲਿਖੇ ਅਨੁਸਾਰ ਹੈ ।

1. ਪ੍ਰਾਚੀਨਤਾ ਅਤੇ ਨਵੀਨਤਾ ਦਾ ਮਿਸ਼ਰਣ
2. ਗਤੀਸ਼ੀਲਤਾ ਦਾ ਅਭਾਵ
3. ਰਾਸ਼ਟਰ ਸੰਘ ਅਧਿਰਾਜ ਨਹੀਂ ।

# ਰਾਸ਼ਟਰ ਸੰਘ ਦੇ ਅੰਗ

- ਰਾਸ਼ਟਰ ਸੰਘ ਦੇ ਅੰਗ ਜਾਂ ਢਾਂਚੇ ਦਾ ਵਰਨਣ ਰਾਸ਼ਟਰ ਸੰਘ ਦੀ ਪ੍ਰਤਿਗਿਆ ਪੱਤਰ ਵਿੱਚ ਕੀਤਾ ਗਿਆ ਹੈ। ਰਾਸ਼ਟਰ ਸੰਘ ਦੇ ਅੰਗ ਹੇਠਾਂ ਲਿਖੇ ਹਨ।

1. ਸਾਧਾਰਨ ਸਭਾ
2. ਰਾਸ਼ਟਰ ਸੰਘ ਦੀ ਪਰਿਸ਼ਦ
3. ਰਾਸ਼ਟਰ ਸੰਘ ਦਾ ਸਕੱਤਰੇਤ
4. ਸਥਾਈ ਅੰਤਰਰਾਸ਼ਟਰੀ ਅਦਾਲਤ।

# ਸਾਧਾਰਨ ਸਭਾ

- ਸਾਧਾਰਨ ਸਭਾ ਦਾ ਸੰਗਠਨ

ਰਾਸ਼ਟਰ ਸੰਘ ਦੇ ਅੰਗਾਂ ਵਿੱਚੋਂ ਸਭ ਤੋਂ ਉੱਚਾ ਸਥਾਨ ਸਾਧਾਰਨ ਸਭਾ ਦਾ ਸੀ। ਰਾਸ਼ਟਰ ਸੰਘ ਦੇ ਸੰਵਿਧਾਨ ਨੂੰ ਪ੍ਰਤਿਗਿਆ ਪੱਤਰ ਕਿਹਾ ਜਾਂਦਾ ਸੀ।

ਪ੍ਰਤਿਗਿਆ ਪੱਤਰ ਵਿੱਚ ਧਾਰਾ – 3 ਤੋਂ ਧਾਰਾ – 5 ਤੱਕ ਸਾਧਾਰਨ ਸਭਾ ਦਾ ਵਰਨਣ ਕੀਤਾ ਗਿਆ। ਸਾਧਾਰਨ ਸਭਾ ਨੂੰ ਪ੍ਰਤੀਨਿਧੀ ਸਭਾ ਵੀ

ਕਿਹਾ ਜਾਂਦਾ ਸੀ। ਰਾਸ਼ਟਰ ਸੰਘ ਦੇ ਸਾਰੇ ਮੈਂਬਰ ਇਸ ਸਭਾ ਦੇ ਮੈਂਬਰ ਹੁੰਦੇ ਹਨ। ਹਰੇਕ ਮੈਂਬਰ ਦੇਸ਼ ਸਾਧਾਰਨ ਸਭਾ ਵਿੱਚ ਆਪਣੇ ਵੱਧ ਤੋਂ ਵੱਧ

3 ਮੈਂਬਰ ... ਦਾ ਅਧਿਕਾਰ ਸੀ।



- ਮੀਟਿੰਗਾਂ

ਰਾਸ਼ਟਰ ਸੰਘ ਦੀ ਸਾਧਾਰਨ ਸਭਾ ਦਾ ਮੁੱਖ ਦਫ਼ਤਰ ਜੇਨੇਵਾ ਵਿੱਚ ਸੀ । ਇਸ ਸਭਾ ਦੀ ਮੀਟਿੰਗ ਸਾਲ ਵਿੱਚ ਇੱਕ ਵਾਰੀ ਹੋਣੀ ਜ਼ਰੂਰੀ ਸੀ । ਬਹੁਮਤ ਨਾਲ ਇੱਕ ਖਾਸ ਬੈਠਕ ਵੀ ਬੁਲਾਈ ਜਾ ਸਕਦੀ ਹੈ ।

- ਸਾਧਾਰਨ ਸਭਾ ਦੇ ਕੰਮ

ਸਾਧਾਰਨ ਸਭਾ ਦੇ ਕੰਮਾਂ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਜਾ ਸਕਦਾ ਸੀ –

1 ਨਿਰੀਖਣਾਤਮਕ ਕਾਰਜ

2 ਚੋਣ ਸੰਬੰਧੀ ਕਾਰਜ

3 ਵਿਚਾਰ ਸੰਬੰਧੀ ਕਾਰਜ

4 ਸੰਵਿਧਾਨ ਸੰਬੰਧੀ ਕਾਰਜ

# ਰਾਸ਼ਟਰ ਸੰਘ ਦੀ ਪਰਿਸ਼ਦ

- ਸੰਗਠਨ

ਰਾਸ਼ਟਰ ਸੰਘ ਦਾ ਦੂਸਰਾ ਮੱਹਤਵਪੂਰਨ ਅੰਗ ਪਰਿਸ਼ਦ ਸੀ। ਜਦਕਿ ਇਹ ਸਾਧਾਰਨ ਸਭਾ ਦੀ ਬਜਾਇ ਇੱਕ ਛੋਟੀ ਸੰਸਥਾ ਸੀ , ਪਰ ਵਿਵਹਾਰਿਕ

ਰੂਪ ਨਾਲ ਇਸ ਨੂੰ ਵਿਆਪਕ ਅਧਿਕਾਰ ਪ੍ਰਾਪਤ ਸੀ। ਸਾਧਾਰਨ ਸਭਾ ਦੇ ਸਾਰੇ ਫੈਸਲੇ ਪਰਿਸ਼ਦ ਹੀ ਲਾਗੂ ਕਰਦੀ ਸੀ। ਸਾਧਾਰਨ ਸਭਾ ਵਾਂਗ

ਰਾਸ਼ਟਰ ਸੰਘ ਦੇ ਸਾਰੇ ਮੈਂਬਰ ਇਸ ਦੇ ਮੈਂਬਰ ਨਹੀਂ ਹੋ ਸਕਦੇ

- ਮੈਬਰਸਿਪ

1. ਸਥਾਈ
2. ਅਸਥਾਈ।



# ਪਰਿਸ਼ਦ ਦੇ ਕੰਮ

1. ਪਰਿਸ਼ਦ ਅੰਤਰਰਾਸ਼ਟਰੀ ਰਾਜਨੀਤੀ ਸੰਬੰਧੀ ਵਿਵਾਦਾਂ ਦਾ ਹੱਲ ਕਰਦੀ ਸੀ ।
2. ਪਰਿਸ਼ਦ ਸਾਧਾਰਨ ਸਭਾ ਦੇ ਫੈਸਲਿਆਂ ਨੂੰ ਲਾਗੂ ਵੀ ਕਰਦੀ ਸੀ ।
3. ਨਿਸ਼ਸਤਰੀਕਰਨ ਲਈ ਵਿਭਿੰਨ ਯੋਜਨਾਵਾਂ ਬਣਾਉਂਦੀ ਸੀ ।
4. ਇਹ ਸਕੱਤਰੇਤ ਨੂੰ ਮੁੱਖ ਨਿਰਦੇਸ਼ ਵੀ ਦਿੰਦੀ ਸੀ ।
5. ਇਹ ਸਕੱਤਰੇਤ ਤੋਂ ਜਰਨਲ ਸੈਕਟਰੀ ਵਲੋਂ ਕੀਤੀਆਂ ਗਈਆਂ ਨਿਯੁਕਤੀਆਂ ਬਾਰੇ ਪੁੱਛ – ਪੜ੍ਹਤਾਲ ਕਰਦੀ ਸੀ ।

# ਰਾਸ਼ਟਰ ਸੰਘ ਦਾ ਸਕੱਤਰੇਤ

- ਸੰਗਠਨ

ਰਾਸ਼ਟਰ ਸੰਘ ਦਾ ਸਕੱਤਰੇਤ ਵੀ ਰਾਸ਼ਟਰ ਸੰਘ ਦਾ ਇੱਕ ਮਹੱਤਵਪੂਰਨ ਅੰਗ ਸੀ। ਸਕੱਤਰੇਤ ਦਾ ਮੁੱਖ ਦਫ਼ਤਰ ਜਨੇਵਾ ਵਿੱਚ ਸਥਿਤ ਸੀ। ਕਾਨੂੰਨ

ਧਾਰਾ 2,6 ਅਤੇ 7 ਵਿੱਚ ਇਸ ਦੀ ਵਿਵਸਥਾ ਦਾ ਵਰਨਣ ਕੀਤਾ ਗਿਆ ਸੀ। ਇਹ ਰਾਸ਼ਟਰ ਸੰਘ ਦਾ ਸਭ ਤੋ ਵੱਧ ਉਪਯੋਗੀ ਤੇ ਸਭ ਤੋਂ ਘੱਟ

ਵਿਵਾਦਾਂ ਵਾਲਾ ਅੰਗ ਕਹਿਲਾਉਂਦਾ ਹੈ। ਇਸ ਦਾ ਸਭਾਪਤੀ ਮਹਾਨਿਰਦੇਸ਼ਕ ਸਨ। ਇਸ ਦੀ ਮਦਦ ਲਈ ਦੋ ਹੋਰ ਉਪ ਮਹਾਨਿਰਦੇਸ਼ਕ ਹੁੰਦੇ ਸਨ

ਇਸ ਤੋਂ ਇਲਾਵਾ 750 ਹੋਰ ਕਰਮਚਾਰੀ ਕਰਦੇ ਸਨ ਜਿਨ੍ਹਾਂ ਵਿੱਚ ਤਕਨੀਕੀ ਮਾਹਿਰ , ਉੱਚ ਅਹੁਦੇਦਾਰ ਤੇ ਛੋਟੇ ਕਰਮਚਾਰੀ ਸਨ।

ਸਕੱਤਰੇਤ ਦੇ ਹੇਠ ਲਿਖੇ 11ਵਿਭਾਗ ਸਨ।

ਸਮਾਜਿਕ ਪ੍ਰਸ਼ਨ , ਰਾਜਨੀਤਿਕ ਵਿਭਾਗ , ਸਮਾਜਿਕ ਵਿਭਾਗ , ਆਰਥਿਕ ਵਿਭਾਗ , ਨਿਸ਼ਸਤਰੀਕਰਨ ਵਿਭਾਗ , ਕਾਨੂੰਨੀ ਵਿਭਾਗ , ਸਿਹਤ

ਵਿਭਾਗ , ਘੱਟ – ਗਿਣਤੀ ਸੰਬੰਧੀ ਵਿਭਾਗ , ਸੂਚਨਾ ਵਿਭਾਗ , ਸਹਿਯੋਗ ਵਿਭਾਗ , ਯਾਤਾਯਾਤ ਵਿਭਾਗ।

# ਰਾਸ਼ਟਰ ਸੰਘ ਦੇ ਸਕੱਤਰੇਤ ਦੇ ਕੰਮ

1. ਰਾਸ਼ਟਰ ਸੰਘ ਦੇ ਵਿਭਿੰਨ ਅੰਗਾਂ ਨੂੰ ਸੇਵਾਵਾਂ ਪ੍ਰਦਾਨ ਕਰਨਾ ।
2. ਵਿਭਿੰਨ ਅੰਗਾਂ ਦੀ ਸਹਾਇਤਾ ਕਰਨਾ ।
3. ਵਿਭਿੰਨ ਅੰਗਾਂ ਦੀ ਮਦਦ ਕਰਨਾ ।
4. ਸਭਾ ਅਤੇ ਪਰਿਸ਼ਦ ਦੇ ਲਈ ਪ੍ਰੋਗਰਾਮ ਤਿਆਰ ਕਰਨਾ ।
5. ਹਰੇਕ ਤਰ੍ਹਾਂ ਦਾ ਰਿਕਾਰਡ ਰੱਖਣਾ ।

# ਸਥਾਈ ਅੰਤਰਰਾਸ਼ਟਰੀ ਅਦਾਲਤ

- ਅੰਤਰਰਾਸ਼ਟਰੀ ਝਗੜਿਆਂ ਦਾ ਫੈਸਲਾ ਸ਼ਾਂਤੀਪੂਰਨ ਢੰਗ ਨਾਲ ਕਰਨਾ ਅੰਤਰਰਾਸ਼ਟਰੀ ਅਦਾਲਤ ਦਾ ਕੰਮ ਸੀ। 1899ਵਿੱਚ ਹੇਗ ਨਾਂ ਦੇ ਸਥਾਨ

ਤੇ ਅੰਤਰਰਾਸ਼ਟਰੀ ਅਦਾਲਤ ਦੀ ਸਥਾਪਨਾ ਕੀਤੀ ਗਈ। ਇਸ ਅਦਾਲਤ ਦੇ ਜੱਜਾਂ ਦੀ ਗਿਣਤੀ 11 ਸੀ ਤੇ 4 ਉਪ ਜੱਜ ਸਨ। ਜੱਜਾਂ ਦੀ ਨਿਯੁਕ

ਤੀ ਦਾ ਆਧਾਰ ਯੋਗਤਾ ਸੀ। ਜੱਜਾਂ ਦੀ ਤਨਖ਼ਾਹ 30 ਹਜ਼ਾਰ ਡਾਲਰ ਪ੍ਰਤੀ ਮਹੀਨਾ ਸੀ। ਇਸ ਕੋਰਟ ਦੀ ਭਾਸ਼ਾ ਅੰਗਰੇਜ਼ੀ ਅਤੇ ਫਰੈਂਚ ਸੀ।



# ਸਿੱਟਾ

- ਉਪਰੋਕਤ ਵਿਚਾਰਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਰਾਸ਼ਟਰ ਸੰਘ ਨੂੰ ਆਜ਼ਾਦ ਰਾਜਾ ਦਾ ਉਹ ਸੰਗਠਨ ਕਿਹਾ ਜਾਂਦਾ ਹੈ ਜਿਸ ਨੂੰ ਸ਼ਾਂਤੀ ਅਤੇ ਸੁਰੱਖਿ

ਆ ਦੇ ਉਦੇਸ਼ ਤੋ ਸ਼ੁਰੂ ਕੀਤਾ ਗਿਆ ਸੀ । ਰਾਸ਼ਟਰ ਸੰਘ ਦੀ ਮੈਂਬਰਸ਼ਿਪ ਦੋ ਤਰ੍ਹਾਂ ਦੀ ਹੁੰਦੀ ਸੀ ਪ੍ਰਾਰਭਿਕ ਅਤੇ ਆਰੰਭਿਕ ਮੈਂਬਰਸ਼ਿਪ । ਰਾਸ਼ਟਰ

ਸੰਘ ਦੇ ਚਾਰ ਤਰ੍ਹਾਂ ਦੇ ਅੰਗ ਸਨ ਉਹ ਹਨ ਸਾਧਾਰਨ ਸਭਾ , ਰਾਸ਼ਟਰ ਸੰਘ ਦੀ ਪਰਿਸ਼ਦ , ਸਕੱਤਰੇਤ ਅਤੇ ਅੰਤਰਰਾਸ਼ਟਰੀ ਅਦਾਲਤ ਆਦਿ ।

ਉਸ ਦੀ ਅਸਫਲਤਾ ਦੇ ਵੀ ਕਈ ਕਾਰਣ ਹਨ ਜਿਵੇਂ ਕਿ ਘਿਰਣਾ ਤੇ ਆਧਾਰਿਤ , ਸੰਵਿਧਾਨਿਕ ਕਮੀਆਂ , ਧਨ ਦੀ ਕਮੀਂ , ਸੈਨਿਕ ਸ਼ਕਤੀ ਦੀ ਕਮੀਂ

, ਲੋਕਪ੍ਰਿਯਤਾ ਦਾ ਅਭਾਵ , ਵਿਆਪਕਤਾ ਦਾ ਅਭਾਵ , ਮੈਬਰ ਰਾਸ਼ਟਰਾ ਦੇ ਮਤਭੇਦ , ਰਾਸ਼ਟਰਾ ਦਾ ਸਵਾਰਥਪੁਣਾ , ਮੈਂਬਰਸ਼ਿਪ ਸਮਾਪਤੀ ,

ਅੰਤਰਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਨਾ , ਪਰਾਜਿਤ ਅਤੇ ਜੇਤੂਆਂ ਵਿਚਕਾਰ ਦੁਸ਼ਮਣੀ , ਵਰਸਾਇ ਦੀ ਸੰਧੀ ਅਤੇ ਜਰਮਨੀ ਦਾ

ਦਾ ਅਪਮਾਨ ਆਦਿ ।